1.12.96

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

ਬਾਬਾ ਨਾਨਕ ਦੀ ਯਾਦ ਵਿਚ ਨਾਟਕ ਅਤੇ ਗੁਰਦਿਆਲ ਸਿੰਘ ਫੁੱਲ: ਨਾਟਕ ਕਲਾ ਦਾ ਇਕ ਉਦੇਸ਼ ਹੈ ਕਿ ਅੱਜ ਦੇ ਸਮਾਜ ਵਿਚ ਜੋ ਕੁਝ ਗਲਤ ਹੈ, ਉਹਦੇ ਬਾਰੇ ਟਿੱਪਣੀ ਵੀ ਕੀਤੀ ਜਾਏ। ਗਲਤ ਵਰਤਾਰੇ ਨੂੰ ਬਦਲਣ ਲਈ ਲੋਕਾਂ ਨੂੰ ਪ੍ਰੇਰਨਾ ਵੀ ਦਿੱਤੀ ਜਾਏ ਤੇ ਚਾਲਕ ਸ਼ਕਤੀ ਵੀ ਪ੍ਰਦਾਨ ਕੀਤੀ ਜਾਏ। ਇਹਦੇ ਲਈ ਬਹੁਤ ਵਾਰੀ ਆਪਣੇ ਇਤਿਹਾਸ ਨੂੰ ਵੀ ਵਿਸ਼ਾ ਬਣਾਇਆ ਜਾਂਦਾ ਹੈ।

ਪੰਜਾਬ ਦੇ ਇਤਿਹਾਸ ਵਿਚ ਬਾਬਾ ਨਾਨਕ ਇਕ ਐਸੀ ਪੈਗੰਬਰ ਸ਼ਖਸੀਅਤ ਹੋਏ ਹਨ ਜਿਨ੍ਹਾਂ ਦਾ ਜੀਵਨ ਬਿਰਤਾਂਤ ਸਾਨੂੰ ਹਰ ਪੜਾਅ ਤੇ ਮਾਨਵਵਾਦੀ ਕਦਰਾਂ ਕੀਮਤਾਂ ਦਾ ਧਾਰਨੀ ਬਣਾ ਕੇ ਅੱਜ ਦੇ ਇਸ ਯੁੱਗ ਵਿਚ ਸਮਾਜ ਦੇ ਗਲਤ ਵਰਤਾਰੇ ਨੂੰ ਬਦਲਣ ਦੀ ਪ੍ਰੇਰਨਾ ਦਿੰਦਾ ਹੈ। ਸਾਹਿਤ ਦੇ ਹੋਰ ਰੂਪਾਂ ਦੇ ਮੁਕਾਬਲੇ ਵਿਚ ਨਾਟਕ ਨੂੰ ਇਕ ਸਟੇਜੀ ਕਲਾ ਹੋਣ ਕਰਕੇ, ਇਸ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ ਕਿ ਬਾਬਾ ਨਾਨਕ ਦੀ ਸ਼ਖਸੀਅਤ ਨੂੰ ਸਟੇਜ 'ਤੇ ਨਹੀਂ ਲਿਆਇਆ ਜਾ ਸਕਦਾ। ਫਿਲਮਾਂ ਬਣਾਉਣ ਵਾਲਿਆਂ ਨੂੰ ਵੀ ਇਹ ਦਿੱਕਤ ਆਉਂਦੀ ਹੈ। ਪਰ ਇਹਦੇ ਬਾਵਜੂਦ ਬਾਬਾ ਨਾਨਕ ਬਾਰੇ ਚੰਗੇ ਨਾਟਕ ਲਿਖੇ ਵੀ ਗਏ ਹਨ ਤੇ ਖੇਡੇ ਵੀ ਗਏ ਹਨ। ਇਸੇ ਤਰ੍ਹਾਂ ਫਿਲਮਾਂ ਚੰਗੀਆਂ ਬਣੀਆਂ ਵੀ ਹਨ ਤੇ ਵਿਖਾਈਆਂ ਵੀ ਗਈਆਂ ਹਨ। ਉਨ੍ਹਾਂ ਵਿਚ ਜਿਹੜੀ ਜੁਗਤ ਵਰਤੀ ਗਈ ਹੈ, ਉਹਦੇ ਅਨੁਸਾਰ ਬਾਬਾ ਨਾਨਕ ਦੀ ਬਾਣੀ ਨੂੰ ਨਾਇਕ ਬਣਾ ਕੇ ਕਹਾਣੀ ਉਸਾਰੀ ਗਈ ਹੈ। ਨਾਟਕ ਖੇਤਰ ਵਿਚ ਜਿਹੜੇ ਨਾਟਕ ਖੇਡੇ ਗਏ, ਉਨ੍ਹਾਂ ਵਿਚ ਸਵਰਗੀ ਡਾ. ਗੁਰਦਿਆਲ ਸਿੰਘ ਫੁੱਲ ਹੋਰਾਂ ਦੇ ਤਿੰਨ ਨਾਟਕ, ਜਿਨ ਸਚਿ ਪਲੇ ਹੋਇ, ਇਹ ਲਹੂ ਕਿਸਦਾ ਹੈ? ਅਤੇ ਨਾਨਕ ਨਾਮ ਸਮਾਲ ਤੂੰ, ਵਿਸ਼ੇਸ਼ ਜ਼ਿਕਰ ਦੀ ਮੰਗ ਕਰਦੇ ਹਨ।

ਨਾਟਕ 'ਜਿਨੁ ਸਚਿ ਪਲੇ ਹੋਇ' ਦੋ ਭਾਗਾਂ ਵਿਚ ਹੈ, ਦੋਨੋਂ ਭਾਗਾਂ ਦਾ ਘਟਨਾ ਅਸਥਾਨ ਇਕੋ ਹੈ। ਪਹਿਲੇ ਭਾਗ ਵਿਚ ਕਿਸਾਨ, ਜਿਸ ਦਾ ਨਾਂ ਭਗਵਾਨ ਹੈ, ਉਹਦਾ ਘਰ ਹੈ। ਉਹ ਸਾਦਾ ਜਿਹਾ ਬੰਦਾ ਬੜੀ ਮਿਹਨਤ ਨਾਲ ਆਪਣਾ ਘਰ ਚਲਾ ਰਿਹਾ ਹੈ। ਜਰਵਾਣੇ ਉਹਦੀ ਮਿਹਨਤ ਲੁੱਟਦੇ ਹਨ। ਜ਼ਬਰਦਸਤੀ ਉਹਦੇ ਮੂੰਹ ਦੀ ਬੁਰਕੀ ਖੋਂਹਦੇ ਹਨ। ਉਸ ਉਤੇ ਜਬਰ ਕਰਦੇ ਹਨ, ਪਰ ਉਹ ਬੇਵੱਸ ਹੈ। ਉਹਦੀ ਜ਼ਿੰਦਗੀ ਵਿਚ ਮੋੜ ਉਸ ਵੇਲੇ ਆਉਂਦਾ ਹੈ ਜਦੋਂ ਉਹ ਵੀ ਆਪਣੇ ਪਿੰਡ ਦੇ ਇਕ ਨੌਜਵਾਨ ਅਮਰ ਵਾਂਗੂੰ ਤੇ ਉਹਦੇ ਕਹੇ ਉਤੇ ਉਹ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਕੇ ਆਉਂਦਾ ਹੈ, ਉਹਦੀ ਸੋਚਣੀ ਵਿਚ ਕਾਇਆ ਕਲਪ ਹੁੰਦਾ ਹੈ। ਹੁਣ ਉਹ ਜ਼ੁਲਮ ਅੱਗੇ ਗੋਡੇ ਨਹੀਂ ਟੇਕਦਾ ਸਗੋਂ ਜ਼ਾਲਮ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਦਾ ਹੈ। ਗੁਰੂ ਦੀ ਬਾਣੀ ਇਸ ਕਾਇਆ ਕਲਪ ਦਾ ਕਾਰਨ ਹੈ ਤੇ ਇਹ ਬਾਣੀ ਹੀ ਥਾਂ ਥਾਂ ਤੇ ਨਾਟਕ ਵਿਚ ਨਾਇਕ ਦੀ ਭੂਮਿਕਾ ਨਿਭਾਉਂਦੀ ਹੈ। ਇਸਤਰੀਆਂ ਦੇ ਸਤਿਕਾਰ ਦੀ ਗੱਲ ਥਾਂ ਥਾਂ ਤੇ ਨਾਟਕ ਵਿਚ ਹੁੰਦੀ ਹੈ। ਗੁਰੂ ਸਾਹਿਬ ਦਾ ਫਲਸਫਾ - 'ਸੋ ਕਿਉ ਮੰਦਾ ਆਖੀਐ, ਜਿਤੁ ਜੰਮਿ ਰਾਜਾਨ'' ਪੂਰੀ ਤਰ੍ਹਾਂ ਨਾਟਕ ਵਿਚ ਉਘੜਦਾ ਹੈ। ਹਾਕਮਾਂ ਦਾ ਸਿਪਾਹੀ ਭਗਵਾਨ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦਾ ਹੈ। ਧੰਨਦੇਈ ਕਹਿੰਦੀ ਹੈ "ਇਸ ਸਿਪਾਹੀ ਨੂੰ ਤਾਂ ਬੋਲਣ ਦਾ ਚੱਜ ਨਹੀਂ ਭਗਵਾਨ ਜਵਾਬ ਦਿੰਦਾ ਹੈ "ਜੇ ਬੋਲਣ ਦਾ ਚੱਜ ਹੁੰਦਾ ਤਾਂ ਸਿਪਾਹੀ ਕਿਉਂ ਬਣਦਾ?'' ਇਹ ਨਿੱਕਾ ਜਿਹਾ ਵਾਰਤਾਲਾਪ ਪੂਰੀ ਤਰ੍ਹਾਂ ਹਾਕਮਾਂ ਦੇ ਲਾਗੜੀਆਂ ਦੀ ਜ਼ਹਿਨੀਅਤ ਉਘੇੜਦਾ ਹੈ, ਜੋਗੀਆਂ ਨਾਲ ਟੱਕਰ ਹੁੰਦੀ ਹੈ। ਜੋਗੀ ਰੁਅਬ ਨਾਲ ਭਿਖਿਆ ਮੰਗਦਾ ਹੈ। ਧਮਕੀ ਵੀ ਦਿੰਦਾ ਹੈ। ਭਗਵਾਨ ਗੁਰੂ ਦੀ ਬਾਣੀ ਪੜ੍ਹਦਾ ਉਹਨੂੰ ਜ਼ਿਕਰ ਕਰਦਾ ਹੈ ਕਿ ਉਸ ਜੋਗ ਦਾ ਕੀ ਫਾਇਦਾ ਜੋ ਦੂਜਿਆਂ ਦੇ ਘਰੋਂ ਰੋਟੀਆਂ ਮੰਗਣ ਜਾਣਾ ਪਏ। ਨਾਟਕ ਦੇ ਪਹਿਲੇ ਮੋੜ ਤੇ ਜਦੋਂ ਜਰਵਾਣੇ ਭਗਵਾਨ ਦੇ ਮੂੰਹੋਂ ਰੋਟੀ ਖੋਂਹਦੇਂ ਹਨ ਤਾਂ ਭਗਵਾਨ ਆਪਣੇ ਇਰਾਦੇ ਨੂੰ ਇਨ੍ਹਾਂ ਸ਼ਬਦਾਂ ਨਾਲ ਬਿਆਨ ਕਰਦਾ ਹੈ "ਰੋਟੀ ਪੈਦਾ ਕਰਨਾ ਹੀ ਸਾਡਾ ਫਰਜ਼ ਨਹੀਂ, ਇਸ ਰੋਟੀ ਦੀ ਰਖਵਾਲੀ ਕਰਨਾ ਸਾਡਾ ਧਰਮ ਹੈ।'' ਇਸ ਨਾਟਕ ਵਿਚ ਕਿੰਨੇ ਹੀ ਬਿਆਨ ਵਾਰਤਾਲਾਪ ਦੇ ਰੂਪ ਵਿਚ ਹਨ, ਜਿਹੜੇ ਸਦਾ ਜੀਵਤ ਸਚਾਈਆਂ ਨੂੰ ਪੇਸ਼ ਕਰਦੇ ਹਨ।

"ਇਹ ਲਹੂ ਕਿਸਦਾ ਹੈ'' ਲੋਕ ਨਾਟਕ ਦੀ ਸ਼ੈਲੀ ਵਿਚ ਭੰਡਾਂ ਦੇ ਵਿਅੰਗਾਤਮਕ ਜੁਗਤ ਰਾਹੀਂ ਬਾਬਾ ਨਾਨਕ ਦੇ ਕਿਰਤ ਦੇ ਸਿਧਾਂਤ ਨੂੰ ਪੇਸ਼ ਕਰਦਾ ਹੈ। ਨਾਨਕ ਨਾਮ ਸਮਾਲ ਤੂੰ ਸਜਣ ਠੱਗ ਦੀ ਸਾਖੀ ਨੂੰ ਅੱਜ ਦੇ ਪਰਿਪੇਖ ਵਿਚ ਪੇਸ਼ ਕਰਦਾ ਹੈ। ਠੱਗਾਂ ਦੇ ਦੋ ਰੂਪ ਹਨ, ਦਿਨੇ ਹੋਰ ਤੇ ਰਾਤੀਂ ਹੋਰ। ਨਾਟਕ ਸ਼ਕਤੀਸ਼ਾਲੀ ਤਰੀਕੇ ਨਾਲ ਉਨ੍ਹਾਂ ਨੂੰ ਨੰਗਾ ਕਰਦਾ ਹੈ।

ਇਨ੍ਹਾਂ ਨਾਟਕਾਂ ਦੀ ਸਫਲਤਾ ਇਹ ਸਿੱਧ ਕਰਦੀ ਹੈ ਕਿ ਅੱਜ ਦੇ ਸੰਦਰਭ ਵਿਚ ਇਤਿਹਾਸ ਨੂੰ ਪੇਸ਼ ਕਰਦਿਆਂ ਨਾਟਕ ਕੱਲ੍ਹ ਦੀ ਪੂਰਤੀ ਵੀ ਹੋ ਸਕਦਾ ਹੈ ਤੇ ਅੱਜ ਦਾ ਮਨੁੱਖ ਜਿਹੜਾ ਸਮਾਜਕ ਇਨਸਾਫ ਲਈ ਸੰਘਰਸ਼ ਕਰ ਰਿਹਾ ਹੈ, ਇਹ ਨਾਟਕ ਉਸ ਉਦੇਸ਼ ਨੂੰ ਪੂਰਾ ਕਰਨ ਲਈ ਵੀ ਸਹਾਈ ਹੋ ਸਕਦੇ ਹਨ। ਨਾਟਕ ਜਦੋਂ ਬਾਬਾ ਨਾਨਕ ਵਰਗੀ ਬਹੁਪੱਖੀ ਸ਼ਖਸੀਅਤ ਉਤੇ ਕੇਂਦਰਤ ਹੋਵੇ ਤਾਂ ਉਹ ਹੋਰ ਵੀ ਸ਼ਕਤੀਸ਼ਾਲੀ ਬਣ ਜਾਂਦਾ ਹੈ। ਇਨ੍ਹਾਂ ਨਾਟਕਾਂ ਦੀ ਗੱਲ ਕਰਦਿਆਂ ਸਵਰਗੀ ਡਾ. ਗੁਰਦਿਆਲ ਸਿੰਘ ਫੁੱਲ ਹੋਰਾਂ ਦੀ ਯਾਦ ਵੀ ਆਉਂਦੀ ਹੈ। ਉਨ੍ਹਾਂ ਦੇ ਬਾਅਦ ਪੰਜਾਬੀ ਦਾ ਹੋਰ ਕੋਈ ਸਾਹਿਤਕਾਰ ਨਹੀਂ ਹੋਇਆ ਜਿਹੜਾ ਗੁਰੂ ਸਾਹਿਬਾਨ ਦੇ ਸਿਧਾਂਤ ਬਾਰੇ ਵੀ ਡੂੰਘੀ ਜਾਣਕਾਰੀ ਰੱਖਦਾ ਹੋਵੇ ਤੇ ਨਾਟਕ ਕਲਾ ਦਾ ਵੀ ਮਾਹਿਰ ਹੋਵੇ।